NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom $95
5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
Contact : Raj 021 8740 730, 0800 253 2687
www.redcleaning.co.nz

06 October 2018 Daily, editornztasveer@gmail.com designnztasveer@gmail.com Ph/Fax: 09 390 4644 FREE

## ਨਿਊਜ਼ੀਲੈਂਡ ਦੀ ਇਮੀਗ੍ਰੇਸ਼ਨ ਫੀਸਾਂ ਵਿਚ ਹੋਈ ਤਬਦੀਲੀ




ਆਕਲੈਂਡ (ਐਨ. ਜ਼ੈਡ. ਤਸਵੀਰ ਬਿਓਰੋ) : ਨਿਊਜ਼ੀਲੈਂਡ ਇਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਨ ਵਿਚ ਕੀਤੇ ਗਏ ਖਰਚੇ ਨੂੰ ਸਹੀ ਢੰਗ ਨਾਲ ਪ੍ਰਤੀਬੰਧ ਕਰਨ ਲਈ ਇਹ ਯਕੀਨੀਲ ਬਣਾਉਣ ਲਈ ਮਾਈਗ੍ਰੇਸ਼ਾਨ ਵਿਵਸਥਾ ਅਤੇ ਲੇਵੀ ਨਿਯਮਿਤ ਤੌਰ 'ਤੇ ਸਮੀਖਿਆ ਕੀਤੀ ਜਾਂਦੀ ਹੈ। ਇਸ ਸਾਲ ਵਿਚ ਪਹਿਲਾ ਜਨਤਕ ਮਸ਼ਵਰੇ ਦੇ ਬਾਅਦ ਨਵੇਂ ਫੀਸਾਂ ਅਤੇ ਟੈਕਸਾਂ ਦੀ ਪੁਸ਼ਟੀ ਕੀਤੀ ਗਈ ਹੈ। ਨਵੀਆਂ ਫੀਸਾਂ ਅਤੇ ਹੋਰ ਵੇਰਵੇ 5 ਨਵੰਬਰ ਤੋਂ ਲਾਗੂ ਹੋਣਗੇ। ਹਾਲਾਂਕਿ ਕੁਝ ਫੀਸਾਂ ਵਿਚ ਕਟੌਤੀ ਵੀ ਕੀਤੀਆਂ ਗਈਆਂ ਹਨ, ਪਰ ਹੇਠਲੇ ਟੇਬਲ ਵਿਚਲੇ ਨੈਟ ਪ੍ਰਭਾਵੀ ਵੱਖੋ ਵੱਖਰੇ ਹੋ ਸਕਦੇ ਹਨ। ਕਿਉਂਕਿ ਵਿਦਿਆਰਥੀ ਵੀਜ਼ਾ ਅਤੇ ਵਿਜ਼ਟਰ ਵੀਜ਼ਾ ਐਪਲੀਕੇਸ਼ਨ ਨੂੰ ਆਨਲਾਈਨ ਕਰਨ ਵਿਚ ਛੋਟ ਦਿੱਤੀ ਗਈ ਹੈ।

## ਗੁਰਦਾਸਪੁਰ ਦੀ ਪੰਜਾਬਣ ਕਰੇਗੀ Mrs Universe 2018' 'ਚ ਨਿਊਜ਼ੀਲੈਂਡ ਦੀ ਨੁਮਾਇੰਦਗੀ



ਆਕਲੈਂਡ- ਨਿਊਜ਼ੀਲੈਂਡ ਦੀ ਨੁਮਾਇੰਦਗੀ ਕਰੇਗੀ ਅਮਰਿੰਦਰ ਕੌਰ ਆਕਲੈਂਡ ਭਾਰਤੀ ਫੌਜ ਦੇ ਸੇਵਾ ਮੁਕਤ ਕਰਨਲ ਬਲਦੇਵ ਸਿੰਘ ਸਰਾਂ ਅਤੇ ਅਧਿਆਪਕ ਅਮਰਜੀਤ ਕੌਰ ਦੀ ਧੀ ਮਿਸਿਜ਼ ਯੂਨੀਵਰਸ ਸੁੰਦਰਤਾ ਮੁਕਾਬਲੇ ਵਿੱਚ ਹਿੱਸਾ ਲਵੇਗੀ। ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਹਰਚੋਵਾਲ ਮੂਲ ਦੇ ਪਿਛੋਕੜ ਵਾਲੇ ਪਰਿਵਾਰ ਦੀ ਇਹ ਧੀ ਬਾਇਓ ਟੈਕਨਾਲੋਜੀ 'ਚ ਇੰਜੀਨੀਅਰਿੰਗ ਦੀ ਪੜ੍ਹਾਈ ਕਰਕੇ ਆਸਟਰੇਲੀਆ ਤੋਂ ਐੱਮਬੀਏ ਤੇ ਮਾਸਟਰ ਆਫ਼ ਪ੍ਰੋਫੈਸ਼ਨਲ ਅਕਾਊਂਟਿੰਗ ਦੀ ਪੜ੍ਹਾਈ ਪੂਰੀ ਕਰ ਚੁੱਕੀ ਹੈ ਅਤੇ ਇਸ ਵੇਲੇ ਅਮਰਿੰਦਰ ਵਿਸ਼ਵ ਪੱਧਰੀ ਇੱਕ ਕੰਪਨੀ ਚ ਬਤੌਰ ਕੰਪਲਾਇੰਸ ਪਾਰਟਨਰ ਵਜੋਂ ਕੰਮ ਕਰ ਰਹੀ ਹੈ। ਸਰਜਨ ਡਾ ਪ੍ਰੀਮਲਪ੍ਰੀਤ ਸਿੰਘ ਦੀ ਪਤਨੀ ਤੇ ਡਾ ਮਹਿੰਦਰਪਾਲ ਸਿੰਘ ਦੀ ਇਹ ਨੂੰਹ ਆਪਣੀ ਸੱਸ ਸਵਿੰਦਰ ਕੌਰ ਦੇ ਕਹਿਣ 'ਤੇ ਸੁੰਦਰਤਾ ਮੁਕਾਬਲੇ ਚ ਭਾਗ ਲੈਣ ਲੱਗੀ। ਮਿਲੀ ਹੱਲਾਸ਼ੇਰੀ ਨੇ ਇਸ ਨੂੰ ਮਿਸਿਜ਼ ਇੰਡੀਆ ਨਿਊਜ਼ੀਲੈਂਡ 2017 'ਚ ਪ੍ਰਵੇਸ਼ ਕਰਵਾ ਦਿੱਤਾ ਅਤੇ ਇਸ ਨੇ ਸੁਹਜ ਅਤੇ ਸੁੰਦਰਤਾ ਦੇ ਸਿਰ 'ਤੇ ਮਿਸਿਜ਼ ਇੰਡੀਆ ਨਿਊਜ਼ੀਲੈਂਡ ਗਲੋਬ ਦਾ ਖ਼ਿਤਾਬ ਜਿੱਤ ਲਿਆ। ਇਸ ਕਿਤਾਬ ਨੇ ਇਸ ਦੀ ਐਂਟਰੀ ਇੰਟਰਨੈਸ਼ਨਲ ਮਿਸਿਜ਼ ਇੰਡੀਆ ਗਲੋਬ 2017 ਨਵੀਂ ਦਿੱਲੀ ਵਿਖੇ ਕਰਵਾਈ ਅਤੇ ਇਸ ਨੇ ਹੀ ਖਿਤਾਬ ਵੀ ਆਪਣੇ ਨਾਂ ਕਰ ਲਿਆ। ਇਹ ਖਿਤਾਬ ਇਸ ਨੂੰ ਫਿਲਪੀਨ ਵਿਖੇ 4 ਤੋਂ 11 ਦਸੰਬਰ ਤੱਕ ਹੋ ਰਹੀ ਮਿਸਿਜ਼ ਯੂਨੀਵਰਸ ਵੀ 2018 ਤੱਕ ਲੈ ਗਿਆ। ਇਹ ਪਹਿਲੀ ਵਾਰ ਨਿਊਜ਼ੀਲੈਂਡ ਦੀ ਨੁਮਾਇੰਦਗੀ ਕਰਨ ਵਾਲੀ ਸ਼੍ਰੀ ਮਤੀ ਬਣ ਜਾਵੇਗੀ। ਅਮਰਿੰਦਰ ਕੌਰ ਸਮਾਜਿਕ ਕਾਰਜਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਂਦੀ ਹੈ।

## ਭਾਰਤ ਦੇ ਨਿਊਜ਼ੀਲੈਂਡ ਦੌਰੇ ਦਾ ਐਲਾਨ, ਜਨਵਰੀ ਵਿਚ ਹੋਵੇਗੀ ਵਨਡੇਅ ਅਤੇ ਟੀ20 ਸੀਰੀਜ਼




ਆਕਲੈਂਡ : ਵਿਰਾਟ ਕੋਹਲੀ ਦੀ ਕਪਤਾਨੀ ਵਾਲੀ ਟੀਮ ਇੰਡੀਆ ਅਗਲੇ ਸਾਲ ਜਨਵਰੀ 2019 ਵਿਚ ਨਿਊਜ਼ੀਲੈਂਡ ਦਾ ਦੌਰਾ ਕਰੇਗਾ, ਇਸ ਦੌਰਾਨ ਭਾਰਤੀ ਟੀਮ ਕੀਵੀ ਟੀਮ ਦੇ ਖਿਡਾਰੀਆਂ ਦੇ ਖਿਲਾਫ ਲਿਮਟਿਡ ਓਵਰਾਂ ਨਾਲ ਕ੍ਰਿਕੇਟ ਖੇਡੇਗੀ। ਜਨਵਰੀ ਵਿਚ ਟੀਮ ਇੰਡੀਆ ਨੂੰ ਨਿਊਜ਼ੀਲੈਂ ਡਦੌਰੇ 'ਤੇ 5 ਵਨਡੇਅ ਅਤੇ 3 ਟੀ 20 ਮੈਚਾਂ ਦੀ ਸੀਰੀਜ਼ ਖੇਡਣੀ ਹੈ, ਭਾਰਤ ਅਤੇ ਨਿਊਜ਼ੀਲੈਂਡ ਦੇ ਵਿਚ ਵਨਡੇਅ ਸੀਰੀਜ਼ ਦਾ ਪਹਿਲਾ ਮੁਕਾਬਲਾ 23 ਜਨਵਰੀ ਨੂੰ ਨੇਪੀਅਰ ਵਿਚ ਖੇਡਿਆ ਜਾਵੇਗਾ। ਦੂਜਾ ਵੈਨਡੇਅ ਮੁਕਾਬਲਾ 26 ਜਨਵਰੀ ਨੂੰ ਮਾਊਂਟ ਮੈਗਾਨੂਈ, ਤੀਜਾ ਵਨਡੇਅ 28 ਜਨਵਰੀ ਨੂੰ ਮਾਊਂ ਮੈਗਾਨੂਈ, ਚੌਥਾ, ਵਨਡੇਅ 31 ਜਨਵਰੀ ਨੂੰ ਹੈਮਿਲਟਨ ਅਤੇ ਪੰਜਵਾ ਵਨਡੇਅ 3 ਫਰਵਰੀ ਨੂੰ ਵੈਲਿੰਗਟਨ ਵਿਚ ਖੇਡਿਆ ਜਾਵੇਗਾ। ਵਨਡੇਅ ਸੀਰੀਜ਼ ਦੇ ਬਾਅਦ ਦੋਨਾਂ ਦੇ ਵਿਚ ਟੀ20 ਸੀਰੀਜ਼ ਦਾ ਪਹਿਲਾ ਮੈਚ 6 ਫਰਵਰੀ ਨੂੰ ਵੈਲਿੰਗਟਨ, ਦੂਜਾ ਮੈਚ 8 ਫਰਵਰੀ ਨੂੰ ਆਕਲੈਂਡ ਅਤੇ ਤੀਜਾ ਮੈਚ 10 ਫਰਵਰੀ ਨੂੰ ਹੈਮਿਲਟਨ ਵਿਚ ਖੇਡਿਆ ਜਾਵੇਗਾ। ਨਿਊਜ਼ੀਲੈਂਡ ਕ੍ਰਿਕਟ ਨੇ ਐਨਜ਼ੈਡਸੀ ਨੇ ਭਾਰਤ ਦੇ ਮੇਜ਼ਬਾਨ ਪ੍ਰਸਾਰਣਕਰਤਾ ਸਟਾਰ ਸਪੋਰਟਸ ਦੇ ਨਾਲ ਸਮਝੌਤੇ ਦੇ ਤਹਿਤ ਅੱਠ ਫਰਵਰੀ ਨੂੰ ਆਕਲੈਂਡ ਵਿਚ ਹੁਣ ਵਾਲੇ ਦੂਜੇ ਟੀ 20 ਅੰਤਰਰਾਸ਼ਟਰੀ ਮੈਚ ਦੇ ਇਲਾਵਾ ਸਾਰੇ ਮੈਚਾਂ ਦੀ ਸ਼ੁਰੂਆਤ ਇੱਕ ਘੰਟਾ ਦੇਰੀ ਨਾਲ ਕਰਨ ਦਾ ਫੈਸਲਾ ਕੀਤਾ ਹੈ।

## ਆਕਲੈਂਡ 'ਚ ਆਰਾ ਮਿਲ 'ਤੇ ਕੰਮ ਕਰਨ ਵਾਲੀ ਔਰਤ ਦੀ ਮੌਤ

ਆਕਲੈਂਡ : ਕਾਵਿਰਾਓ ਵਿੱਚ ਇੱਕ ਆਰਾ ਮਿੱਲ ਵਿੱਚ ਇੱਕ ਮਹਿਲਾ ਦੇ ਕੰਮ ਦੌਰਾਨ ਮਾਰੇ ਜਾਣ ਦੀ ਖਬਰ ਸਾਹਮਣੇ ਆਈ ਹੈ।ਜਾਣਕਾਰੀ ਅਨੁਸਾਰ ਇਹ ਕਾਵਿਰਾਊ ਦੇ ਮੈਨੂੰਕੋਰੀਹੀ ਡਰਾਈਵ 'ਤੇ ਸਥਿਤ ਆਰਾ ਮਿੱਲ ਸੀ ਜਿੱਥੇ ਇਹ ਹਾਦਸਾ ਵਾਪਰਿਆ। ਦੁਰਘਟਨਾ ਮਹਿਲਾ ਦੇ ਲੱਕੜੀਆਂ ਦੇ ਗਠਿਆਂ ਦੇ ਹੇਠ ਆਉਣ ਦੇ ਚੱਲਦਿਆਂ ਵਾਪਰੀ ਦੱਸੀ ਜਾ ਰਹੀ ਹੈ। ਮਾਮਲੇ ਦੀ ਛਾਨਬੀਨ ਕਾਰਨਰ ਅਤੇ ਵਰਕਸੇਫ ਵੱਲੋਂ ਕੀਤੀ ਜਾ ਰਹੀ ਹੈ।



## ਆਕਲੈਂਡ ਏਅਰ ਪੋਰਟ 'ਤੇ ਵਿਕਣ ਲੱਗੀ ਤਾਜੀ ਹਵਾ

ਆਕਲੈਂਡ ਦੇ ਇੰਟਰਨੈਸ਼ਨਲ ਏਅਪੋਰਟ 'ਤੇ ਇੱਕ ਅਜਿਹਾ ਉਤਪਾਦ ਮਿਲ ਰਿਹਾ ਹੈ ਜਿਸ ਨੂੰ 'ਫ੍ਰੈਸ਼ ਨਿਊਜੀਲੈਂਡ ਏਅਰ' ਦਾ ਨਾਮ ਦਿੱਤਾ ਗਿਆ ਹੈ। ਇਸ ਦਾ ਲਾਗਤ ਮੁੱਲ 98.99 ਡਾਲਰ ਪ੍ਰਤੀ ਚਾਰ ਕੈਨ ਹੈ। ਇਸ ਨੂੰ ਨਿਊਜੀਲੈਂਡ ਦੀ ਤਾਜਾ ਹਵਾ ਦੱਸਿਆ ਜਾ ਰਿਹਾ ਹੈ। ਲੋਕਾਂ ਵੱਲੋਂ ਇਸ ਤਰਾਂ ਦੇ ਵਿਵਹਾਰ ਦੇ ਵੱਖ-ਵੱਖ ਤਰਾਂ ਦੀਆਂ ਪ੍ਰਤੀਕਿਰਿਆਵਾਂ ਵੇਖਣ ਨੂੰ ਮਿਲ ਰਹੀਆਂ ਹਨ। ਕਈਆਂ ਨੇ ਇਸ ਨੂੰ ਮੰਦਭਾਗਾ ਮਖੌਲ ਅਤੇ ਕਈਂ ਇਸਨੂੰ ਪੂੰਜੀਵਾਦ ਦੀ ਸਭ ਤੋਂ ਘਟੀਆ ਉਦਾਹਰਨ ਦੱਸ ਰਹੇ ਹਨ। ਜਿਕਰਯੋਗ ਹੈ ਕਿ ਇਹ ਇੱਥੇ ਅਜਿਹਾ ਉਤਪਾਦ ਵੇਚਣ ਵਾਲੀ ਕੋਈ ਪਹਿਲੀ ਦੁਕਾਨ ਨਹੀਂ ਹੈ ਇਸ ਤੋਂ ਪਹਿਲਾਂ ਵੀ ਕਿਵੀਆਨਾ ਨਾਮ ਦੀ ਵੈਬਸਾਈਟ ਤੋਂ ਤਾਜੀ ਹਵਾ ਵੇਚਣ ਦੇ ਦਾਅਵੇ ਕੀਤੇ ਜਾ ਚੁੱਕੇ ਹਨ। ਤਾਜੀ ਹਵਾ ਬਾਰੇ ਵੈਬਸਾਈਟ ਦਾ ਦਾਅਵਾ ਸੀ ਕਿ ਉਸ ਨੇ ਇਹ ਤਾਜੀ ਅਤੇ ਸ਼ੁੱਧ ਹਵਾ ਸਾਊਥ ਆਈਲੈਂਡ ਤੋਂ ਕੈਨਾ ਵਿੱਚ ਬੰਦ ਕੀਤੀ ਹੈ।




## ਆਕਲੈਂਡ ਦੇ ਨੌਜਵਾਨ ਦਿਖਾ ਰਹੇ ਹਨ ਡੇਅਰੀ ਫਾਰਮਿੰਗ ਵਿੱਚ ਦਿਲਚਸਪੀ

ਆਕਲੈਂਡ ਦੇ ਪੜੇ-ਲਿਖੇ ਨੌਜਵਾਨ ਸ਼ਹਿਰੀ ਖੇਤਰ ਨਾਲ ਸਬੰਧਤ ਨੌਜਵਾਨ ਡੇਅਰੀ ਫਾਰਮਿੰਗ ਵਪਾਰ ਵਿੱਚ ਦਿਲਚਸਪੀ ਦਿਖਾ ਰਹੇ ਹਨ। ਪ੍ਰਾਇਮਰੀ ਉਦਯੋਗ ਸਿਖਲਾਈ ਸੰਗਠਨ ਦੇ ਮੁੱਖ ਕਾਰਜਕਾਰੀ ਲਿੰਡਾ Sissons ਨੇ ਕਿਹਾ, ਸੰਯੁਕਤ ਸ਼ਾਗਿਰਦੀ ਸਕੀਮਾਂ ਅਧੀਨ 240 ਲੋਕਾਂ ਵੱਲੋਂ ਦਰਜ ਕੀਤਾ ਹੈ ਉਨ੍ਹਾਂ ਵਿੱਚੋਂ 40 ਆਕਲੈਂਡ ਤੋਂ ਆਏ ਸਨ। ਡਾ. ਸੀਸੋਨਸ ਨੇ ਕਿਹਾ.ਕਿ ਪਿਛਲੇ ਸਾਲ ਇਹ ਦਰ ਨਾ-ਮਾਤਰ ਸੀ।

## ਨਿਊਜੀਲੈਂਡ ਸਰਕਾਰ ਵੱਲੋਂ ਰਾਹਤ ਸੱਮਗਰੀ ਨਾਲ ਭਰੇ ਜਹਾਜ ਇੰਡੋਨੇਸ਼ੀਆ ਰਵਾਨਾ



ਨਿਊਜੀਲੈਂਡ ਏਅਰ ਫੋਰਸ ਇੰਡੋਨੇਸ਼ੀਆ ਵਿੱਚ ਭੂਚਾਲ ਅਤੇ ਸੁਨਾਮੀ ਪ੍ਰਭਾਵਿਤ ਇਲਾਕੇ ਲਈ ਜਹਾਜਾਂ ਵਿੱਚ ਭਰਕੇ ਰਾਹਤ ਸਮੱਗਰੀ ਭੇਜ ਰਿਹਾ ਹੈ। ਇਸ ਭੂਚਾਲ 'ਚ ਮਰਨ ਵਾਲਿਆਂ ਦੀ ਗਿਣਤੀ 1400 ਤੋਂ ਉਪਰ ਪਹੁੰਚ ਗਈ ਹੈ। ਵਿਦੇਸ਼ ਮੰਤਰੀ ਵਿੰਸਟਨ ਪੀਟਰਜ਼ ਨੇ ਇਕ ਬਿਆਨ ਵਿਚ ਕਿਹਾ ਜਹਾਜ ਨੂੰ ਜਰਨੇਟਰ, ਪਾਣੀ ਕੰਟੇਨਰ, ਅਤੇ ਤਰਪਾਲ ਆਦਿ ਰਾਹਤ ਸਮੱਗਰੀ ਨਾਲ ਲੋਡ ਕੀਤਾ ਗਿਆ ਹੈ, ਅਤੇ "ਨਾਲ ਦੀ ਨਾਲ, ਇੱਕ 1.5 ਲੱਖ ਡਾਲਰ ਹੋਰ ਸੰਕਟ ਰਾਹਤ ਲਈ ਅੰਤਰਰਾਸ਼ਟਰੀ ਭਾਈਚਾਰੇ ਦੇ ਯਤਨ ਦਾ ਦੇ ਸਮਰਥਨ ਨਾਲ ਭੇਜੇ ਜਾਣਗੇ। "ਇਹ ਪੈਕੇਜ ਰਾਹਤ ਹੀ ਇਸ ਹਫ਼ਤੇ ਹੈ ਨਿਊਜੀਲੈਂਡ ਸਰਕਾਰ ਨੇ ਐਲਾਨ ਕੀਤਾ ਪੈਕੇਜ ਦਾ ਹੀ ਇੱਕ ਹਿਸਾ ਹੈ।

## ਬਰਗਾੜੀ ਕਾਂਡ ਸਬੰਧੀ ਬਾਦਲ ਪਿਉ-ਪੁੱਤ ਵਿਰੁੱਧ ਮਾਮਲਾ ਦਾਇਰ

### ਅਦਾਲਤ ਵੱਲੋਂ 9 ਨੂੰ ਕੀਤੀ ਜਾਵੇਗੀ ਕੇਸ ਦੀ ਸੁਣਵਾਈ



ਚੰਡੀਗੜ੍ਹ : ਬਰਗਾੜੀ ਕਾਂਡ ਸਬੰਧੀ ਸਮਾਜਿਕ ਜਾਗ੍ਰਿਤੀ ਫਰੰਟ ਵੱਲੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵਿਰੁੱਧ ਅਦਾਲਤ ਵਿੱਚ ਅਪਰਾਧਿਕ ਮਾਮਲਾ ਦਾਇਰ ਕੀਤਾ ਗਿਆ ਹੈ। ਸੰਸਥਾ ਵੱਲੋਂ ਦੋਵਾਂ ਵਿਰੁੱਧ ਵਿਰੁੱਧ ਧਾਰਾ 304, 307, 295 ਤੇ 34 ਤਹਿਤ ਮੁਕੱਦਮਾ ਚਲਾਏ ਜਾਣ ਦੀ ਅਪੀਲ ਕੀਤੀ ਗਈ ਹੈ। ਮਾਮਲਾ ਜਥੇਬੰਦੀ ਦੇ ਚੇਅਰਮੈਨ ਜਗਦੀਪ ਸਿੰਘ ਗਿੱਲ ਵੱਲੋਂ ਦਾਇਰ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਅਦਾਲਤ ਨੂੰ ਦੱਸਿਆ ਗਿਆ ਹੈ ਕਿ ਬਰਗਾੜੀ ਕਾਂਡ ਲਈ ਉਕਤ ਦੋਵੇਂ ਪਿਓ-ਪੁੱਤਰ ਜ਼ਿੰਮੇਵਾਰ ਹਨ। ਜੱਜ ਸੁਮਿਤ ਸੱਭਰਵਾਲ ਨੇ ਸੰਸਥਾ ਦੀ ਸ਼ਿਕਾਇਤ ਨੂੰ ਸਵੀਕਾਰ ਕਰ ਲਿਆ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 9 ਅਕਤੂਬਰ ਨੂੰ ਹੋਏਗੀ।

## ਸੁਖਪਾਲ ਖਹਿਰਾ ਦੇ ਕਾਫਲੇ ਦੀ ਗੱਡੀ ਨੇ ਦਰੜਿਆ ਮਾਸੂਮ, ਹਸਪਤਾਲ 'ਚ ਜ਼ੇਰੇ ਇਲਾਜ

ਚੰਡੀਗੜ੍ਹ : ਆਮ ਆਦਮੀ ਪਾਰਟੀ ਦੇ ਬਾਗੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਕਾਫਲੇ ਦੀ ਪਾਇਲਟ ਗੱਡੀ ਵੱਲੋਂ ਮਾਸੂਮ ਬੱਚੇ ਨੂੰ ਦਰੜਨ ਦੀ ਖ਼ਬਰ ਹੈ। ਮਾਮਲਾ ਕੱਲ੍ਹ ਦੇਰ ਸ਼ਾਮ ਦਾ ਹੈ ਜਦੋਂ ਖਹਿਰਾ ਦਾ ਕਾਫਲਾ ਗੋਲੇਵਾਲਾ ਪਾਸਿਓਂ ਆ ਰਿਹਾ ਸੀ ਤਾਂ ਉਸ ਦੇ ਕਾਫਲੇ ਵਿਚ ਸ਼ਾਮਲ ਪਾਇਲਟ ਗੱਡੀ ਨੇ ਫਰੀਦਕੋਟ ਦੀ ਨਾਨਕਸਰ ਬਸਤੀ ਕੋਲ 6 ਸਾਲਾ ਮਾਸੂਮ ਬੱਚੇ ਨੂੰ ਆਪਣੀ ਲਪੇਟ ਵਿਚ ਲੈ ਲਿਆ। ਹਾਦਸੇ 'ਚ ਬੱਚਾ ਗੰਭੀਰ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਇਲਾਜ ਲਈ ਫਰੀਦਕੋਟ ਦੇ ਜੀਜੀਐਸ ਮੈਡੀਕਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।

## ਹਵਾਈ ਅੱਡੇ 'ਤੇ ਫੋਨ ਦਾ ਪਾਸਵਰਡ ਦੱਸਣ ਤੋਂ ਇਨਕਾਰ ਕਰਨ ਵਾਲਿਆਂ ਨੂੰ ਹੋ ਸਕਦੈ 5000 ਡਾਲਰ ਦਾ ਜੁਰਮਾਨਾ

ਆਕਲੈਂਡ-ਜਿਹੜੇ ਯਾਤਰੀ ਆਪਣੇ ਫੋਨ ਜਾਂ ਲੈਪਟਾਪ ਦੇ ਪਾਸਵਰਡ ਨੂੰ ਕਸਟਮ ਅਫਸਰਾਂ ਨੂੰ ਦੱਸਣ ਤੋਂ ਇਨਕਾਰ ਕਰਦੇ ਹਨ, ਉਹਨਾਂ ਨੂੰ £ 5000 ਦਾ ਜੁਰਮਾਨਾ ਕੀਤਾ ਜਾ ਸਕਦਾ ਹੈ। ਕਸਟਮ ਅਤੇ ਐਕਸਾਈਜ ਐਕਟ 2018 ਨਿਊਜੀਲੈਂਡ ਸੇਧਾਂ ਨਿਰਧਾਰਤ ਕਰਦਾ ਹੈ। ਇਸ ਦੇ ਹਿਸਾਬ ਨਾਲ ਕਸਟਮ ਸਰਹੱਦ 'ਤੇ ਕਿਸੇ ਨੂੰ ਵੀ ਰੋਕ ਸਕਦੇ ਸਨ ਅਤੇ ਉਨ੍ਹਾਂ ਦੇ ਇਲੈਕਟ੍ਰੋਨਿਕ ਉਪਕਰਣਾਂ ਨੂੰ ਦੇਖਣ ਦੀ ਮੰਗ ਕਰ ਸਕਦੇ ਸਨ। ਸੀ. ਅਪਡੇਟ ਕੀਤਾ ਕਾਨੂੰਨ ਇਹ ਸਪੱਸ਼ਟ ਕਰਦਾ ਹੈ ਕਿ ਮੁਸਾਫਰ ਕੋਲ ਚਾਹੇ ਇਹ ਇੱਕ ਪਾਸਵਰਡ, ਪਿਨ-ਕੋਡ ਜਾਂ ਫਿੰਗਰਪ੍ਰਿੰਟ ਹੋਵੇ ਹੀ ਕਿਉਂ ਨਾ ਹੋਵੇ ਅਧਿਕਾਰੀਆਂ ਨੂੰ ਕਿਸੇ ਤੇ ਸ਼ੱਕ ਹੋਣ 'ਤੇ ਉਹ ਕਿਸੇ ਵੀ ਉਪਕਰਣ ਨੂੰ ਚੈੱਕ ਕਰ ਸਕਦੇ ਹਨ। ਇਕ ਅਧਿਕਾਰੀ ਟੇਰੀ ਬ੍ਰਾਊਨ ਨੇ ਕਿਹਾ ਹੈ ਚੈੱਕ ਕਰਨ ਵਾਲੇ ਅਫਸਰ ਤੁਹਾਡੇ ਫੋਨ ਨੂੰ ਫਲਾਈਟ ਮੋਡ ਤੇ ਦੇਖਣਗੇ। ਜੋ ਲੋਕਾਂ ਨੇ ਇਸ ਦੇ ਪਾਲਣ ਕਰਨ ਤੋਂ ਇਨਕਾਰ ਕਰ ਦਿੱਤਾ, ਤਾਂ ਉਨ੍ਹਾਂ ਨੂੰ £ 5000 ਤੱਕ ਜੁਰਮਾਨਾ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਦੀ ਡਿਵਾਈਸ ਜ਼ਬਤ ਕੀਤੀ ਜਾਵੇਗੀ ਅਤੇ ਫੋਰੈਂਸਿਕ ਤੌਰ ਤੇ ਖੋਜ ਕੀਤੀ ਜਾਵੇਗੀ। ਮਿਸਟਰ ਬਰਾਊਨ ਨੇ ਕਿਹਾ ਕਿ ਕਾਨੂੰਨ ਨੇ ਕਿਸੇ ਵਿਅਕਤੀ ਦੇ ਨਿੱਜਤਾ ਦੇ ਅਧਿਕਾਰ ਅਤੇ ਕਸਟਮਜ਼ 'ਕਾਨੂੰਨ ਲਾਗੂ ਕਰਨ ਦੇ ਜ਼ਿੰਮੇਵਾਰੀਆਂ ਵਿਚਕਾਰ' ਸੰਤੁਲਨ ਕਾਇਮ ਕੀਤਾ ਹੈ, ਉਨ੍ਹਾਂ ਕਿਹਾ ਕਿ ਜਦੋਂ ਤੁਸੀਂ ਨਿਊਜੀਲੈਂਡ ਵਿਚ ਆਉਂਦੇ ਹੋ ਤਾਂ ਤੁਹਾਨੂੰ ਆਪਣਾ ਸੂਟਕੇਸ ਖੋਲ੍ਹਣ ਲਈ ਕਿਹਾ ਜਾ ਸਕਦਾ ਹੈ ਅਤੇ ਇਕ ਕਸਟਮ ਅਫਸਰ ਹਰ ਚੀਜ਼ 'ਤੇ ਨਜ਼ਰ ਮਾਰ ਸਕਦਾ ਹੈ."2017 'ਚ ਨਿਊਜ਼ੀਲੈਂਡ ਦੇ ਹਵਾਈ ਅੱਡੇ' ਤੇ ਬਾਰਡਰ ਅਧਿਕਾਰੀਆਂ ਨੇ ਲਗਪਗ 540 ਇਲੈਕਟ੍ਰਾਨਿਕ ਯੰਤਰ ਫੜੇ ਹਨ।